NIOS Class 12 Punjabi Question Paper 2021

This Question Paper consists of 24 questions and 8 Printed pages.
ਇਸ ਪ੍ਰਸ਼ਨ-ਪੱਤਰ ਵਿੱਚ 24 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

Code No.
ਕੋਡ ਨੰ. **60/SS/A/P**

Set **A**

# PUNJABI
# ਪੰਜਾਬੀ
# (310)

Day and Date of Examination
ਪਰਿਖਿਆ ਦਾ ਦਿਨ ਅਤੇ ਮਿੱਤੀ ____________________

Signature of Invigilators
ਨਿਰੀਖਕਾਂ ਦੇ ਦਸਖ਼ਤ
1. ____________________
2. ____________________

## ਆਮ ਨਿਰਦੇਸ਼ :-

1. ਵਿਦਿਆਰਖੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ । ਇਹ ਵਿ ਦੇਖਿਆ ਜਾਵੇ ਕਿ ਪ੍ਰਸਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।
3. ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ । ਸਾਰੇ ਪ੍ਰਸ਼ਨ ਪੱਤਰ ਵਿਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀ ਦਿੱਤਾ ਜਾਵੇਗਾ ।
4. ਕੋਈ ਵੀ ਨਿਸ਼ਾਨ ਜਾ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।
5. ਉੱਤਰ ਪੁਸਤਿਕਾ ਦੇ ਪ੍ਰਸ਼ਨ ਪੁਸਤਿਕਾ ਦਾ ਨੰਬਰ **60/SS/A/P-A** ਜ਼ਰੂਰ ਲਿਖੋ ।



collegedunia
India's largest Student Review Platform

# PUNJABI
# ਪੰਜਾਬੀ
**(310)**

Time : 3 Hours ] [ Maximum Marks : 100

ਸਮਾਂ : 3 ਘੰਟੇ ] [ ਕੁਲ ਅੰਕ : 100

ਨੋਟ : (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ ਨੋ: (24) ਤੋਂ ਵਿੱਕਲਪ ਦਿੱਤੇ ਗਾਏ ਹਨ ।

(iii) ਲਿਖਾਈ ਸ਼ੁਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ ।

**ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ** **[8 × 1 = 8]**

**1.** ਬਾਬਾ ਫਰੀਦ 'ਰੁਖੀ-ਸੁਖੀ' ਖਾਕੇ ਠੰਢਾ ਪਾਣੀ ਪੀਣ ਦੀ ਗੱਲ ਆਖਦਾ ਹੈ, ਫਰੀਦ ਜੀ ਦਾ ਰੁਖੀ-ਸੁਖੀ ਤੋਂ ਕੀ ਭਾਵ ਹੈ ?

**2.** ਸ: ਨਾਨਕ ਸਿੰਘ ਦੀ 'ਭੂਆ' ਕਹਾਣੀ ਵਿੱਚ ਭਤੀਜਾ ਸੇਵੀਆਂ ਖਾਣ ਤੋਂ ਬਚਣ ਲਈ ਉਨ੍ਹਾਂ ਨੂੰ ਕਿੱਥੇ ਸੁਟਣਾ ਚਾਹੁੰਦਾ ਹੈ ?

**3.** 'ਕੁਲਫੀ' ਕਹਾਣੀ ਵਿੱਚ ਲੇਖਕ ਨੇ ਗਰੀਬ ਲੋਕਾਂ ਨੂੰ ਸੰਘਰਸ਼ ਕਰਕੇ ਕਿਸ ਹੱਲ ਦਾ ਸੁਨੇਹਾ ਦਿੰਦਾ ਹੈ ?

**4.** ਰਾਵਲਪਿੰਡੀ ਦੀ ਠੇਠ ਬੋਲੀ ਸੁਣਕੇ ਬਲਰਾਜ ਸਾਹਨੀ ਕੀ ਮਹਿਸੂਸ ਕਰਦਾ ਹੈ ?

**5.** 'ਭਾਈ ਘਨ੍ਹਈਆ ਜੀ ਇਕਾਂਗੀ' ਵਿੱਚ ਇਕਾਂਗੀ ਦਾ ਪਾਤਰ ਰਾਮੂ ਕੌਣ ਹੈ ।



collegedunia
India's largest Student Review Platform

6. ਲੋਕਧਾਰਾ ਵਿਗਿਆਨੀ, ਗਿੱਧੇ ਨੂੰ ਕਿਸ ਦੀ ਪੂਜਾ ਦਾ ਲੋਕ ਨਾਚ ਮੰਨਦੇ ਹਨ ?

7. ਵਰਤਮਾਨ ਗੁਰਮੁਖੀ ਲਿਪੀ ਵਿੱਚ ਕਿੰਨੇ ਸਵਰ ਅਤੇ ਕਿੰਨੇ ਵਿਅੰਜਨ ਹਨ ?

8. ਬਣਤਰ ਦੇ ਪੱਖ ਤੋਂ ਸ਼ਬਦ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਾਈ ਸਾਰੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕ ਵਿੱਚ ਲਿਖੋ**
**[10 × 1 = 10]**

9. ਬਾਬਾ ਫਰੀਦ ਜੀ ਨੇ ਬਾਹਰੀ ਦਿਖਾਵੇ ਦੀ :

(A) ਪ੍ਰਚਾਰ ਕੀਤਾ ।

(B) ਵਿਰੋਖ ਨਹੀਂ ਕੀਤਾ ।

(C) ਖੰਡਨ ਕੀਤਾ ।

(D) ਸਮਰਥਨ ਕੀਤਾ ।

10. 'ਇਕ ਰੋਈ ਸੀ ਧੀ ਪੰਜਾਬ ਦੀ' ਅੰਮ੍ਰਿਤਾ ਪ੍ਰੀਤਮ ਪੰਜਾਬ ਦੀ ਕਿਸ 'ਧੀ' ਦੀ ਗੱਲ ਕਰਦੀ ਹੈ ?

(A) ਸਾਹਿਬਾਂ ਦੀ ।

(B) ਸੋਹਣੀ ਦੀ ।

(C) ਹੀਰ ਦੀ ।

(D) ਸੱਸੀ ਦੀ ।

11. 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਭੈਣ ਜੋ ਆਪਣੇ ਭਾਈ ਨੂੰ ਰਾਜਾ ਰਾਣੀ ਦੀ ਕਹਾਣੀ ਸੁਣਾਉਂਦੀ ਹੈ, ਉਸ ਵਿੱਚ ਰਾਜਾ ਰਾਣੀ ਦੇ ਮਰਨ ਪਿਛੋਂ ਕੀ ਕਰਦਾ ਹੈ :

(A) ਉਪਗਮ ਹੋਕੇ ਤੀਰਥਾਂ ਤੇ ਚਲਾ ਜਾਂਦਾ ਹੈ ।

(B) ਬ੍ਰਾਹਮਣਾ ਨੂੰ ਦਾਨ ਦੱਛਣਾ ਦਿੰਦਾ ਹੈ ।

(C) ਪ੍ਰਾਣ ਤਿਆਗ ਦਿੰਦਾ ਹੈ ।

(D) ਝੱਟ ਹੀ ਦੂਜਾ ਵਿਆਹ ਕਰਵਾ ਲੈਂਦਾ ਹੈ ।



collegedunia
India's largest Student Review Platform

**12.** ਯੁੱਧ ਦੇ ਮੈਦਾਨ ਵਿੱਚ ਚਿੱਟੇ ਝੰਡੇ ਦਾ ਕੀ ਮਤਲਬ ਹੁੰਦਾ ਹੈ :

(A) ਹੌਸਲਾ ਦੇਣ ਲਈ ।

(B) ਸ਼ਾਂਤੀ ਤੇ ਅਹਿੰਸਾ ਲਈ ।

(C) ਸੇਵਾ ਲਈ ।

(D) ਯੁੱਧ ਬੰਦੀ ਲਈ ।

**13.** ਮੇਲਾ ਸ਼ਬਦ ਦਾ ਸਹੀ ਵਿਕਲਪ ਹੈ :

(A) ਮਿਲਣੀ ।

(B) ਗੁਫ਼ਤਗੂ ।

(C) ਮੇਲ ਮਿਲਾਪ ।

(D) ਮੁਲਾਕਾਤਾਂ ।

**14.** 'ਹੋਲਾ ਮਹੱਲਾ' ਕਿਹੜੇ ਗੁਰੂ ਸਾਹਿਬ ਨੇ ਸ਼ੁਰੂ ਕੀਤਾ ਸੀ :

(A) ਗੁਰੂ ਅਮਰ ਦਾਸ ਜੀ ।

(B) ਗੁਰੂ ਹਰਿਗੋਬਿੰਦ ਸਾਹਿਬ ਜੀ ।

(C) ਗੁਰੂ ਤੇਗ ਬਹਾਦਰ ਜੀ ।

(D) ਗੁਰੂ ਗੋਬਿੰਦ ਸਿੰਘ ਜੀ ।



collegedunia.com
India's largest Student Review Platform

15. ਗੁਰਦੁਆਰਾ ਕੇਸਗੜ੍ਹ ਸਾਹਿਬ ਕਿੱਥੇ ਹੈ :

(A) ਸਰਹੰਦ ।

(B) ਪਟਿਆਲਾ ।

(C) ਆਨੰਦਪੁਰ ਸਾਹਿਬ ।

(D) ਅੰਬਾਲਾ ।

16. ਮੂਲ ਸ਼ਬਦ ਕਿਸ ਨੂੰ ਕਹਿੰਦੇ ਹਨ :

(A) ਜਿਹੜੇ ਦੋ ਸ਼ਬਦਾਂ ਤੋਂ ਵੱਖ ਹੋਕੇ ਬਣਦੇ ਹਨ ।

(B) ਜਿਹੜੇ ਸ਼ਬਦ ਕਿਸੇ ਹੋਰ ਸ਼ਬਦ ਦੀ ਸਹਾਇਤਾ ਨਾਲ ਬਣਦੇ ਹਨ ।

(C) ਜਿਹੜੇ ਦੋ ਸ਼ਬਦ ਦੇ ਜੋੜ ਤੋਂ ਬਣਦੇ ਹਨ ।

(D) ਜਿਹੜੇ ਸ਼ਬਦ ਕਿਸੇ ਦੂਜੇ ਸ਼ਬਦ ਦੀ ਸਹਾਇਤਾ ਤੋਂ ਬਿਨਾਂ ਆਪਣੇ ਆਪ ਬਣਦੇ ਹਨ ।

17. ਹੇਠ ਦਿੱਤੇ ਸ਼ਬਦਾਂ ਵਿੱਚੋਂ ਉਸ ਸ਼ਬਦ ਦੀ ਚੋਣ ਕਰੋ ਜੋ ਸਮਾਨਾਰਥਕ ਨਹੀਂ ਹੈ ।

(A) ਮੂੜ

(B) ਮੂਰਖ

(C) ਚਤੁਰ

(D) ਬੇਅਕਲ

18. ਹੇਠ ਲਿਖੇ ਸ਼ਬਦ ਦਾ ਸਹੀ ਵਿਰੋਧੀ ਸ਼ਬਦ ਕਿਹੜਾ ਹੈ :

ਪਰਬਤ

(A) ਨਦੀ

(B) ਮੈਦਾਨ

(C) ਟਿੱਬਾ

(D) ਪਹਾੜ



collegedunia
India's largest Student Review Platform

**19. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ ਪੁਸਤਕ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ :** **[10 × 2 = 20]**

(a) "ਫਰੀਦਾ ਮੈ ਜਾਨਿਆ ਦੁਖ ਮੁਝ ਕੂ ਦੁਖ ਸਬਾਇਐ ਜਗਿ" ਤੋਂ ਬਾਬਾ ਫਰੀਦ ਜੀ ਦਾ ਕੀ ਭਾਵ ਹੈ ?

(b) 'ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖੁਦਾ' ਮਿਰਜ਼ਾ ਇਹ ਗੱਲ ਕਿਸਨੂੰ ਕਹਿੰਦਾ ਹੈ ? ਉਸ ਦਾ ਇਸ ਤੋਂ ਕੀ ਭਾਵ ਹੈ ?

(c) 'ਝੱਲੀ ਜਾਏ ਨਾਹੀਂ ਉਹਦੀ ਤਾਬ ਨੀ ਸਹੀਓ' ਕਵੀ ਬਾਬੂ ਫ਼ੀਰੋਜ਼ਦੀਨ ਸ਼ਰਫ਼ ਕਿਸ ਦੀ ਤਾਬ ਨਾ ਝੱਲੀ ਜਾਣ ਦੀ ਗੱਲ ਆਖਦਾ ਹੈ, ਉਸ ਇਸ ਤੋਂ ਕੀ ਭਾਵ ਹੈ ?

(d) ਇਕਾਂਗੀ 'ਭਾਈ ਘਨੂਈਆ ਜੀ' ਵਿੱਚ ਭਾਈ ਘਨੂਈਆ ਜੀ ਨੂੰ ਕਿਹੜੇ ਗੁਣਾਂ ਦਾ ਧਾਰਨੀ ਦੱਸਿਆ ਗਿਆ ਹੈ ?

(e) ਪੰਜਾਬੀ ਪੁਸਤਕਾਂ ਦੀ ਛਪਾਈ ਲਈ ਪ੍ਰਕਾਸ਼ਨ ਸਥਾਪਤ ਹੋ ਚੁੱਕੇ ਹਨ, ਉਨ੍ਹਾਂ ਵਿਚੋਂ ਕੋਈ ਚਾਰ ਪ੍ਰਕਾਸ਼ਨਾਂ ਦੇ ਨਾਂ ਲਿਖੋ ।

(f) 'ਖ਼ਬਰ' ਦਾ ਸਿਰਲੇਖ ਪਾਠਕ ਨੂੰ ਕਿਸ ਗੱਲ ਵੱਲ ਲੈ ਜਾਂਦਾ ਹੈ ?

(g) ਪ੍ਰਿੰਸੀਪਲ ਤੇਜ ਸਿੰਘ 'ਸਾਊ' ਦਾ ਸਭ ਤੋਂ ਵੱਡਾ ਗੁਣ ਕਿਹੜਾ ਦਸਦਾ ਹੈ ?

(h) 'ਭੂਆ' ਕਹਾਣੀ ਵਿੱਚ ਭੂਆ ਆਪਣੇ ਭਤੀਜੇ ਨੂੰ ਏਨਾ ਪਿਆਰ ਕਰਦੀ ਹੈ ? ਕਿਉਂ

(i) "ਪੇਸ਼ੀ ਦੇ ਨਿਆਣੇ" ਕਹਾਣੀ ਵਿੱਚ ਭੈਣ ਆਪਣੇ ਛੋਟੇ ਭਾਈ ਨੂੰ ਕੀ ਦਸਦੀ ਹੈ ਕਿ ਵਾਹਿਗੁਰੂ ਤੋਂ ਕੌਣ ਡਰਦਾ ਹੈ, ਤੇ ਕੌਣ ਨਹੀਂ ? ਕੀ ਭੈਣ ਦੀ ਦਿੱਤੀ ਦਲੀਲ ਤੁਹਾਨੂੰ ਜਚਦੀ ਹੈ ਜਾਂ ਨਹੀਂ ?

(j) 'ਪੈਸੇ ਦੀ ਤੰਗੀ, ਹਾਲਾਤ ਦੀ ਤੰਗੀ ਤੋਂ ਭੀ ਭੈੜੀ ਹੁੰਦੀ ਹੈ' ਲੇਖਕ ਇਹ ਸੋਚ ਕੇ ਫਿਰ ਕੁਲਫ਼ੀ ਸ਼ਬਦ ਦੀ ਬਣਤਰ ਬਾਰੇ ਕੀ ਸੋਚਦਾ ਹੈ ?

**20. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ :** **[3 × 5 = 15]**

(a) ਸ: ਗੁਰਬਖਸ਼ ਸਿੰਘ ਜੀ ਦੇ "ਅਹਿੰਸਾ" ਬਾਰੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

(b) "ਭਾਈ ਘਨੂਈਆ ਜੀ" ਇਕਾਂਗੀ ਵਿੱਚ ਬਾਬਾ ਜੀ ਰਾਮੂ ਨੂੰ ਭਾਈ ਘਨੂਈਆ ਜੀ ਦੀ ਜੋ ਸਾਖੀ ਸੁਣਾਂਦੇ ਹਨ, ਉਸ ਸਾਖੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(c) ਪੰਜਾਬ ਗਿੱਧਾ ਤੇ ਭੰਗੜਾ ਲੋਕ-ਨਾਦ ਕੀ ਮਹਤੱਵ ਰਖਦੇ ਹਨ ?



collegedunia.com
India's largest Student Review Platform

**21. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : [2 × 8 = 16]**

(a) ਗੁਰੂ ਨਾਨਕ ਦੇਵ ਜੀ 'ਹਾਥੀ ਅਤੇ ਸਰ' ਦੇ ਸੁਭਾਅ ਰਾਹੀਂ ਉਨ੍ਹਾਂ ਨੇ ਸੱਤਾ ਤੇ ਹਉਮੈਂ ਵਿੱਚ ਗ੍ਰਸਤ ਲੋਕਾਈ ਉੱਤੇ ਜੋ ਵਿਅੰਗ ਕੀਤਾ ਹੈ, ਉਸ ਨੂੰ ਵਿਸਥਾਰ ਨਾਲ ਲਿਖੋ ।

(b) ਈ-ਮੇਲ (E-Mail) ਵੈਬਸਾਈਟ (Website) ਤੇ ਖ਼ਬਰਾਂ ਦੇ ਪੋਰਟਲ (Portal) ਤੇ ਸਮਗਰੀ ਭੇਜਣ ਲਈ ਇੰਟਰ ਨੈਟ ਤੇ ਮੇਲ ਸਿਰਨਾਵਾ (Mail I.D.) ਦੀ ਸਹਾਇਤਾ ਨਾਲ ਅਸੀ ਕੀ-ਕੀ ਲਾਭ ਉਠਾ ਸਕਦੇ ਹਾਂ ?

**22. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਇੱਕ ਭਾਵਪੂਰਕ ਲੇਖ ਲਿਖੋ: [10]**

(a) ਬੱਚਿਆਂ ਦੇ ਮਾਂ-ਬਾਪ ਪ੍ਰਤੀ ਫਰਜ਼ ।

(b) ਫਰੀਦਾ ਮੈਂ ਜਾਨਿਆ ਦੁਖ ਮੁਝਕੋ ਦੁਖ ਸਬਾਇਆ ਜਗਿ ।

(c) ਵਧਦੀ ਆਬਾਦੀ ਦੀ ਸਮੱਸਿਆ ।

(d) ਬੇਰੁਜ਼ਗਾਰੀ ਦੀ ਸਮੱਸਿਆ ।

**23.** ਤੁਸੀ ਕਿਤੇ ਘਰ ਤੋਂ ਬਾਹਰ ਸ਼ਹਿਰ ਵਿੱਚ ਨੌਕਰੀ ਕਰਦੇ ਹੋ, ਤੁਹਾਡਾ ਛੋਟਾ ਭਾਈ ਪੜ੍ਹਾਈ ਵਿੱਚ ਅਵੇਮਲਾ ਹੋ ਗਿਆ ਹੈ, ਉਸ ਨੂੰ ਪਿਆਰ ਭਰਿਆ ਪੱਤਰ ਲਿਖ ਕੇ ਸਮਝਾਓ । **[6]**

(ਜਾਂ)

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਕੇ ਦੱਸੋ ਕਿ ਨਗਰ ਵਿੱਚ ਵਧ ਰਹੀ ਗੁੰਡਾ ਗਰਦੀ ਤੋਂ ਲੋਕ ਬਹੁਤ ਡਰੇ ਹੋਏ ਹਨ, ਇਸ ਦਾ ਕੋਈ ਹੱਲ ਕੱਢਿਆ ਜਾਏ ।



collegedunia
India's largest Student Review Platform

## ਵਿਕਲਪ I (ਅਨੁਵਾਦ ਅਤੇ ਵਿਗਿਆਪਨ)

**24. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ :** **[3 × 5 = 15]**

(a) "ਅਨੁਵਾਦ ਭਾਰਤੀ ਪ੍ਰਾਚੀਨ ਸ਼ਾਹਿਤ ਦੀ ਇੱਕ ਵਿਸ਼ਿਸਟ ਵਿਧਾ ਰਹੀ ਹੈ"। ਇਸ ਬਾਰੇ 100-125 ਸ਼ਬਦਾਂ ਵਿੱਚ ਲਿਖੋ

(b) "ਵਿਗਿਆਪਨ ਮੀਡੀਆ ਦੀ ਆਮਦਨੀ ਦਾ ਸਭ ਤੋਂ ਵੱਡਾ ਸਧਨ ਹੈ"। ਵਿਗਿਆਪਨ ਬਾਰੇ ਸ਼ਬਦਾਂ ਵਿੱਚ ਲਿਖੋ

(c) ਅੱਜ ਦੇ ਯੁਗ ਵਿੱਚ ਦੋ ਭਾਥੀਏ ਦੀ ਭੂਮਿਕਾ ਬਹੁਤ ਮਹਤੱਵਪੂਰਨ ਹੈ । ਦੋ ਭਾਸ਼ੀਏ ਦੀ ਸੁਣਨ ਸ਼ਕਤੀ ਕਿਹੋਜਿਹੀ ਹੋਣੀ ਚਾਹੀਦੀ ਹੈ ਤੇ ਕਿਉਂ, ਉੱਤਰ ।

(ਜਾਂ)

## ਵਿਕਲਪ - II (ਪੰਜਾਬੀ ਸਿਨੇਮਾ)

(a) 'ਸਿਨੇਮਾ ਵਿੱਚ ਵਧੇਰੇ ਕਲਾਵਾਂ ਦਾ ਸੁਮੇਲ ਹੈ' ਇਹ ਕਿਹੜੀਆਂ ਕਲਾਵਾਂ ਹਨ,। ਇਸ ਬਾਰੇ 100-125 ਸ਼ਬਦਾਂ ਵਿੱਚ ਲਿਖੋ ।

(b) ਇੱਕੀਵੀ ਸਦੀ ਦੇ ਪਹਿਲੇ ਦਹਾਕੇ ਵਿੱਚ ਹਿੰਦੀ ਸਿਨੇਮਾ ਵਿੱਚ ਪੰਜਾਬੀ ਰਲੀ ਮਿਲੀ ਹਿੰਦੀ ਵਾਲੀਆਂ ਕਈ ਫ਼ਿਲਮਾਂ ਬਣੀਆਂ ਹਨ, ਉਨ੍ਹਾਂ ਵਿਚੋਂ ਕੋਈ ਪੰਜ ਫ਼ਿਲਮਾਂ ਦੇ ਨਾਂ ਲਿਖੋ, ਜਿਨ੍ਹਾਂ ਵਿੱਚੋਂ ਪੰਜਾਬੀ ਸਭਿਆਚਾਰ ਭਾਰਤ ਦਾ ਤਾਕਤਵਰ ਸਭਿਆਚਾਰ ਝਲਕਦਾ ਹੈ ।

(c) "ਥੀਏਟਰ ਅਤੇ ਟੈਲੀਵਿਜ਼ਨ ਵਿਭਾਗ' ਪੰਜਾਬੀ ਯੂਨਵਰਸਿਟੀ, ਪਟਿਆਲਾ ਨੇ ਪੰਜਾਬੀ ਰੰਗਮੰਚ ਨੂੰ ਅਗੇ ਵਧਾਇਆ ਹੈ" ਇਸ ਬਾਰੇ । 100-125 ਸ਼ਬਦਾਂ ਵਿੱਚ ਲਿਖੋ ।

**[3 × 5 = 15]**

● ● ●



collegedunia.com
India's largest Student Review Platform